ਜਮਾਤ: 11ਵੀਂ

ਕੰਪਿਊਟਰ ਸਾਇੰਸ

ਪਾਠ-2

# ਇੰਟਰਨੈਟ ਦੇ ਇਸਤੇਮਾਲ

## ਬਹੁਪਸੰਦੀ ਪ੍ਰਸ਼ਨ:

**1. ਅਸੀ ਇਸ ਤੇ ਨੌਕਰੀ ਲੱਭ ਸਕਦੇ ਹਾਂ?**
ੳ) ਅਖ਼ਬਾਰ ਅ) ਇੰਟਰਨੈੱਟ **ੲ) ਦੋਨੋ (ੳ) ਅਤੇ (ਅ)** ਸ) ਕੋਈ ਨਹੀਂ

**2. ਇਹ ਜਾਣਕਾਰੀ ਦਾ ਸੰਗ੍ਰਹਿ ਹੈ ਜਿਸਦੀ ਦੀ ਵਰਤੋਂ ਇੰਟਰਨੈਟ ਰਾਹੀ ਕੀਤੀ ਜਾਂਦੀ ਹੈ?**
ੳ) ਡਾਟਾ ਅ) ਸੂਚਨਾਂ **ੲ) ਵਰਲਡ ਵਾਈਡ ਵੈਬ** ਸ) ਵੈੱਬ

**3. ਇਹ ਖੋਜਾਂ ਉਪਯੋਗੀ ਹੁੰਦੀਆਂ ਹਨ, ਜਦ ਸਾਨੂੰ ਹਵਾਲੇ ਦਾ ਪੂਰਾ ਟੈਕਸਟ ਨਹੀਂ ਪਤਾ ਹੁੰਦਾ।**
**ੳ) ਵਾਈਲਕਾਰਡ** ਅ) ਆਪਰੇਟਰਜ਼ ੲ) ਇਮੇਜ਼

**4. ਇਹ ਇੱਕ ਫੋਟੋ ਅਤੇ ਵੀਡਿਓ ਸਾਂਝਾ ਕਰਨ ਵਾਲੀ ਸੋਸ਼ਲ ਮੀਡਿਆ ਐਪ ਹੈ?**
ੳ) ਫੇਸਬੁੱਕ ਅ) ਇੰਸਟਾਗ੍ਰਾਮ **ੲ) ਦੋਨੋ (ੳ) ਅਤੇ (ਅ)**

**5. ਇਹ ਗੂਗਲ ਦੇ ਸਭ ਤੋਂ ਮਸ਼ਹੂਰ ਉਤਪਾਦਾਂ ਵਿੱਚੋਂ ਇੱਕ ਹੈ?**
ੳ) bing.com **ਅ) google.com** ੲ) wikipedia.com ਸ) yahoo.com

## ਖਾਲੀ ਥਾਵਾਂ ਭਰੋ:

1. ................. ਸਾਨੂੰ ਇੰਟਰਨੈੱਟ ਤੇ ਵੈੱਬਸਾਈਟਾਂ ਨੂੰ ਵੇਖਣ ਅਤੇ ਪਹੁੰਚ ਕਰਨ ਦੀ ਆਗਿਆ ਦਿੰਦਾ ਹੈ।
2. ................. ਇੰਟਰਨੈੱਟ ਰਾਹੀਂ ਚੀਜਾਂ ਜਾਂ ਸੇਵਾਵਾਂ ਖਰੀਦਣ ਦੀ ਪ੍ਰਕਿਰਿਆ ਹੈ।
3. ................. ਇੱਕ ਵੈੱਬ-ਆਧਾਰਤ ਉਪਕਰਣ ਹੈ ਜੋ ਉਪਭੋਗਤਾਵਾਂ ਨੂੰ ਵਰਲਡ ਵਾਈਡ ਵੈੱਬ ਤੇ ਜਾਣਕਾਰੀ ਲੱਭਣ ਦੇ ਯੋਗ ਕਰਦਾ ਹੈ।
4. ਇੱਕ ਖੋਜ ਸ਼ਬਦ ਨੂੰ.............. ਵਿੱਚ ਲਿਖਣਾ, ਖੋਜ ਇੰਜਨ ਨੂੰ ਉਸ ਖ਼ਾਸ ਸ਼ਬਦ ਜਾਂ ਵਾਕਾਂਸ਼ ਨੂੰ ਖੋਜਣ ਲਈ ਕਹਿੰਦਾ ਹੈ।
5. ਇੱਕ........ ਦੇ ਗਾਹਕ (subscription) ਬਣੇ ਬਿਨਾਂ ਸਾਡੇ ਕੋਲ ਇੰਟਰਨੈਟ ਦਾ ਕੋਈ ਕੁਨੈਕਸ਼ਨ ਨਹੀਂ ਹੋਵੇਗਾ।

**ਉੱਤਰ: 1. ਵੈਬ ਬ੍ਰਾਊਜ਼ਰ 2) ਆਨਲਾਈਨ ਸ਼ਾਪਿੰਗ 3) ਸਰਚ ਇੰਜਣ 4) ਕੁਟੇਸ਼ਨ ਮਾਰਕ 5) ਇੰਟਰਨੈਟ ਸਰਵਿਸ ਪ੍ਰੋਵਾਈਡਰ**

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰ1: ਇੱਕ ਕੰਪਨੀ ਜੋ ਵਿਅਕਤੀ ਅਤੇ ਸੰਗਠਨਾਂ ਨੂੰ ਇੰਟਰਨੈਟ ਕੁਨੈਕਸ਼ਨ ਅਤੇ ਸੇਵਾਵਾਂ ਪ੍ਰਦਾਨ ਕਰਦੀ ਹੈ, ਨੂੰ......... ਕਹਿੰਦੇ ਹਨ।
**ਉ: ਇੰਟਰਨੈਟ ਸਰਵਿਸ ਪ੍ਰੋਵਾਇਡਰ (Internet Service Provider)**

**ਪ੍ਰ2: HTTPS ਦਾ ਪੂਰਾ ਨਾਮ ਕੀ ਹੈ?**
**ਉ: ਹਾਇਪਰ ਟੈਕਸਟ ਟ੍ਰਾਂਸਫਰ ਪ੍ਰੋਟੋਕੋਲ (Hyper Text Transfer Protocol)**

**ਪ੍ਰ3: ਸਿਰਫ ਨੌਕਰੀ ਲੱਭਣ ਲਈ ਕਿਹੜਾ ਟੂਲ ਵਰਤਿਆ ਜਾਂਦਾ ਹੈ?**
**ਉ: ਜਾਬ ਸਰਚ ਇੰਜਣਸ(Job Search Engines)**

**ਪ੍ਰ4: ਇੱਕ ਵੈਬ ਪੇਜ਼ ਦੇ ਐਡਰੈੱਸ ਨੂੰ ਸੇਵ ਕਰਨ ਦੇ ਤਰੀਕੇ ਨੂੰ ਕੀ ਕਹਿੰਦੇ ਹਨ?**
**ਉ: ਬੁੱਕ ਮਾਰਕ ਜਾਂ ਫੇਵਰੇਟਸਸ(Bookmark or Favourites)**

**ਪ੍ਰ5: ਕਿਸੇ ਇੱਕ Open content online encyclopedia ਦਾ ਨਾਮ ਦੱਸੋ?**
**ਉ: Wikipedia.com**

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ1: ਵੈੱਬ ਬ੍ਰਾਊਜ਼ਰ ਨੂੰ ਪਰਿਭਾਸ਼ਿਤ ਕਰੋ।**
**ਉ:** ਇੱਕ ਵੈੱਬ ਬ੍ਰਾਊਜ਼ਰ ਜਾਂ ਬ੍ਰਾਊਜ਼ਰ ਇੱਕ ਐਪਲੀਕੇਸ਼ਨ ਸਾਫਟਵੇਅਰ ਹੈ ਜੋ ਸਾਨੂੰ ਇੰਟਰਨੈੱਟ ਤੋਂ ਵੈਬਸਾਈਟਾਂ ਨੂੰ ਵੇਖਣ ਅਤੇ ਪਹੁੰਚ ਕਰਨ ਦੀ ਆਗਿਆ ਦਿੰਦਾ ਹੈ। ਇਹ ਇੱਕ ਉਪਭੋਗਤਾ ਨੂੰ ਵੈੱਬ ਪੇਜ਼ਾਂ ਨੂੰ ਲੱਭਣ, ਪਹੁੰਚਣ ਅਤੇ ਪ੍ਰਦਰਸ਼ਿਤ ਕਰਨ ਦੀ ਆਗਿਆ ਦਿੰਦਾ ਹੈ। ਉਪਭੋਗਤਾ ਬ੍ਰਾਊਜ਼ਰ ਦੇ ਐਡਰੈੱਸ ਬਾਰ ਵਿੱਚ ਇੱਕ **URL (Uniform Resource Locator)** ਦੇ ਕੇ ਕਿਸੇ ਵੀ ਵੈੱਬ ਪੇਜ ਨੂੰ ਵੇਖਣ ਲਈ ਬੇਨਤੀ ਕਰ ਸਕਦਾ ਹੈ। ਵੈੱਬ ਬ੍ਰਾਊਜ਼ਰ ਦਾ ਮੁੱਖ ਕੰਮ ਵੈੱਬ ਤੋਂ ਜਾਣਕਾਰੀ ਦੇ ਸਰੋਤ ਲੱਭਣ ਅਤੇ ਉਨਾਂ ਨੂੰ ਉਪਭੋਗਤਾ ਦੇ ਉਪਕਰਣ ਪੀ.ਸੀ., ਲੈਪਟਾਪ, ਮੋਬਾਇਲ ਆਦਿ ਤੇ ਦਿਖਾਉਣਾ ਹੈ।ਕੁੱਝ ਆਮ ਵਰਤੇ ਜਾਣ ਵਾਲੇ ਵੈੱਬ ਬ੍ਰਾਊਜ਼ਰ ਇਸ ਤਰ੍ਹਾਂ ਹਨ: **Microsoft Internet Explorer (ਮਾਇਕ੍ਰੋਸਾਫਟ ਇੰਟਰਨੈਟ ਐਕਸਪਲੋਰਰ), Google Chrome (ਗੂਗਲ ਕਰੋਮ), Apple Safari (ਐਪਲ ਸਫਾਰੀ), Mozilla Firefox(ਮੌਜਿਲਾ ਫਾਇਰਫਾਕਸ) ਅਤੇ Opera(ਓਪੇਰਾ)।**



**ਪ੍ਰ2: ਆਨਲਾਈਨ ਸਰਚ ਵਿੱਚ ਕੋਟੇਸ਼ਨ ਮਾਰਕਸ ਦੀ ਕੀ ਵਰਤੋਂ ਹੈ?**

**ਉ:** ਵੈਬ ਬ੍ਰਾਊਜ਼ਰ ਤੇ **ਕੋਟੇਸ਼ਨ ਮਾਰਕਸ** ਦੀ ਵਰਤੋਂ ਕਿਸੇ ਖਾਸ ਸ਼ਬਦ ਜਾਂ ਵਾਕਾਂਸ਼ ਨੂੰ ਖੋਜਣ ਲਈ ਕੀਤੀ ਜਾਂਦੀ ਹੈ। ਜੇ ਇਹ ਸ਼ਬਦ ਇੱਕੋ ਸ਼ਬਦ ਹੈ ਤਾਂ **ਕੋਟੇਸ਼ਨ ਮਾਰਕਸ** ਦੀ ਵਰਤੋਂ ਕਰਨ ਨਾਲ ਇਸ ਦੀਆਂ ਭਾਂਤ-ਭਾਂਤ ਦੀਆਂ ਕਿਸਮਾਂ ਨੂੰ ਕੱਟ ਦਿੱਤਾ ਜਾਵੇਗਾ। ਉਦਾਹਰਣ ਦੇ ਲਈ ਜੇ ਤੁਸੀ ਸ਼ਬਦ director ਦੀ ਖੋਜ਼ ਕਰਦੇ ਹੋ, ਤਾਂ ਤੁਹਾਨੂੰ ਸਿੱਧੇ direct, direction, directions ਅਤੇ ਇਸ ਤਰ੍ਹਾਂ ਦੇ ਵੀ ਬਹੁਤ ਸਾਰੇ ਨਤੀਜੇ ਪ੍ਰਾਪਤ ਹੋਣਗੇ ਪਰ ਜੇਕਰ director ਸ਼ਬਦ ਨੂੰ ਕੋਟੇਸ਼ਨ ਮਾਰਕਸ ਦੇ ਕੇ ਸਰਚ ਕਰਾਂਗੇ **"director"** (" " ਕੋਟੇਸ਼ਨ ਮਾਰਕ ਦੇ ਨਾਲ) ਇਹ ਸੁਨਿਸ਼ਚਿਤ ਕਰੇਗਾ ਕਿ ਤੁਸੀ ਸਿਰਫ਼ ਉਸ ਖਾਸ ਸ਼ਬਦ ਦੇ ਨਤੀਜੇ ਪ੍ਰਾਪਤ ਕਰੋਗੇ।


**ਪ੍ਰ3: ਕੋਈ ਪੰਜ ਇੰਟਰਨੈਟ ਸੁਰੱਖਿਆ ਖਤਰਿਆਂ (Threats) ਦੇ ਨਾਮ ਲਿਖੋ।**

**ਉ:** ਇੰਟਰਨੈੱਟ ਬਹੁਤ ਸਾਰੇ ਕੰਮਾਂ ਲਈ ਵਰਤਿਆ ਜਾਂਦਾ ਹੈ। ਪਰ ਇਹ ਇਸ ਨਾਲ ਖਤਰਿਆਂ ਦਾ ਵੀ ਕਾਫੀ ਹਿੱਸਾ ਲਿਆਉਂਦਾ ਹੈ। ਇੱਕ ਵਾਰ ਜਦੋ ਅਸੀ ਆਨਲਾਈਨ ਹੋ ਜਾਂਦੇ ਹਾਂ ਤਾਂ ਸਾਨੂੰ ਹਰ ਸਮੇਂ ਸੁਰੱਖਿਆ ਪ੍ਰਤੀ ਜਾਗਰੂਕ ਰਹਿਣ ਦੀ ਲੋੜ ਹੁੰਦੀ ਹੈ। ਕਿਉਂਕਿ ਇੰਟਰਨੈਟ ਦੀ ਵਰਤੋਂ ਕਰਦੇ ਸਮੇਂ ਕਈ ਤਰ੍ਹਾ ਦੇ ਖਤਰਿਆਂ (Threats) ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿੰਨ੍ਹਾਂ ਵਿੱਚੋ ਕੁੱਝ ਇਸ ਪ੍ਰਕਾਰ ਹਨ:

**1. ਹੈਕਰਸ (HACKERS) 2. ਵਾਇਰਸ (VIRUSES) 3.ਸਪਾਈਵੇਅਰ (SPYWARE) 4. ਵਾੱਮਜ਼ (WORMS) 5. ਫਿਸ਼ਿੰਗ (PHISHING) 6. ਸਪੈਮਿੰਗ (SPAMMING)**


**ਪ੍ਰ4: ਗੂਗਲ ਸਰਚ ਇੰਜਨ ਦੀ ਵਿਆਖਿਆ ਕਰੋ।**

**ਉ:** ਗੂਗਲ ਸਰਚ ਇੰਜਨ ਦੁਨੀਆ ਦਾ ਸਰਵੋਤਮ ਸਰਚ ਇੰਜਨ ਹੈ। ਇਹ ਗੂਗਲ ਦੇ ਸਭ ਤੋਂ ਮਸ਼ਹੂਰ ਉਤਪਾਦਾਂ ਵਿੱਚੋਂ ਇੱਕ ਹੈ। ਜਿਹੜੀ ਚੀਜ਼ ਨੇ ਗੂਗਲ ਨੂੰ ਸਭ ਤੋਂ ਮਸ਼ਹੂਰ ਅਤੇ ਭਰੋਸੇਮੰਦ ਖੋਜ਼ ਇੰਜਨ ਬਣਾਇਆ ਹੈ ਉਹ ਹੈ ਇਸਦੇ ਖੋਜ਼ ਨਤੀਜਿਆਂ ਦੀ ਗੁਣਵੱਤਾ। ਗੂਗਲ ਦੇ ਸੰਸਥਾਪਕ ਲੈਰੀ ਪੇਜ(Larry Page) ਅਤੇ ਸੇਰਗੇਈ ਬ੍ਰਿਨ (Sergey Brin) ਹਨ।




**ਪ੍ਰ5: ਬੁੱਕ ਮਾਰਕ ਕੀ ਹੈ?**

**ਉ:** ਇੰਟਰਨੈੱਟ ਬ੍ਰਾਊਜ਼ਰ ਦੀ ਵਰਤੋਂ ਕਰਦੇ ਸਮੇਂ ਇੱਕ ਵੈੱਬ ਪੇਜ਼ ਦਾ ਪਤਾ ਸੁਰੱਖਿਅਤ ਕਰਨ ਲਈ ਬੁੱਕ ਮਾਰਕ (Bookmark)ਦੀ ਵਰਤੋਂ ਕੀਤੀ ਜਾਂਦੀ ਹੈ। ਸਾਧਾਰਨ ਸ਼ਬਦਾ ਵਿੱਚ ਰੋਜ਼ਾਨਾ ਲੱਖਾ ਵੈੱਬ ਸਾਈਟਾਂ ਆਨਲਾਈਨ ਆਉਣ ਨਾਲ ਬੁੱਕਮਾਰਕ ਦੀ ਵਰਤੋਂ ਕਰਕੇ ਅਸੀਂ ਨਿਸ਼ਚਤ ਤੌਰ ਤੇ ਉਹ ਵੈੱਬਸਾਈਟਾਂ ਲੱਭ ਸਕਾਂਗੇ ਜਿਨ੍ਹਾਂ ਨੂੰ ਅਸੀਂ ਦੁਬਾਰਾ ਟਾਈਪ ਕੀਤੇ ਬਿਨਾਂ ਤੇਜ਼ੀ ਨਾਲ ਵਾਪਸ ਉਨ੍ਹਾਂ ਵੈੱਬ ਪੇਜ਼ ਤੇ ਜਾ ਸਕੀਏ। ਇੰਟਰਨੈੱਟ ਐਕਸਪਲੋਰਰ ਇਕੱਲਾ ਵੈੱਬ ਬ੍ਰਾਊਜ਼ਰ ਹੈ ਜੋ ਸ਼ਬਦ "Favourites"ਦੀ ਵਰਤੋਂ ਕਰਦਾ ਹੈ। ਭਾਵੇਂ ਅਸੀਂ ਮੋਜ਼ੀਲਾ ਫਾਇਰਫੋਕਸ, ਇੰਟਰਨੈਟ ਐਕਸਪਲੋਰਰ, ਸਫਾਰੀ, ਕਰੋਮ ਜਾਂ ਹੋਰ ਬ੍ਰਾਊਜ਼ਰ ਦੀ ਵਰਤੋਂ ਕਰ ਰਹੇ ਹਾਂ, ਇਸਦੀ ਵਿਧੀ ਇੱਕੋ ਜਿਹੀ ਹੀ ਹੈ।




**ਪ੍ਰ6: ਵਰਲਡ ਵਾਈਡ ਵੈੱਬ ਨੂੰ ਪਰਭਾਸ਼ਿਤ ਕਰੋ।**


**ਉ:** ਵਰਲਡ ਵਾਈਡ ਵੈੱਬ (WWW), ਆਮ ਤੌਰ ਤੇ ਵੈੱਬ ਦੇ ਤੌਰ ਤੇ ਜਾਣਿਆ ਜਾਂਦਾ ਹੈ,ਇਸ ਵਿੱਚ ਦਸਤਾਵੇਜ਼ ਅਤੇ ਹੋਰ ਵੈੱਬ ਸਰੋਤਾਂ ਦੀ ਪਛਾਣ ਯੂਨੀਫਾਰਮ ਰੀਸੋਰਸ ਲੋਕੇਟਰ URL, ਜਿਵੇਂ ਕਿ https://example.com/) ਦੁਆਰਾ ਕੀਤੀ ਜਾਂਦੀ ਹੈ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

### ਪ੍ਰ1: ਕੋਈ ਚਾਰ ਆਨਲਾਈਨ ਸਰਚ ਤਕਨੀਕਾਂ ਦੀ ਵਿਆਖਿਆ ਕਰੋ।

**ਉ:** ਇੰਟਰਨੈੱਟ ਤੇ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਹਾਸਿਲ ਕਰਨ ਲਈ ਅਸੀਂ ਸਰਚ (ਖੋਜ) ਇੰਜਣਾਂ (ਵਿਸ਼ੇਸ਼ ਵੈੱਬਸਾਈਟਾਂ ਜਿਵੇਂ ਕਿ Google.com,Yahoo.com,Bing.com or Ask.com) ਵਿੱਚ ਬਣੀ ਆਪਸ਼ਨ ਦਾ ਲਾਭ ਲੈਂਦੇ ਹਾਂ। ਆਪਣੇ ਲੋੜੀਂਦੇ ਸ਼ਬਦਾਂ ਜਾਂ ਵਾਕਾਂਸ਼ਾਂ ਨੂੰ ਇਹਨਾਂ ਸਰਚ ਇੰਜਨਾਂ ਤੇ ਦਰਜ ਕਰਕੇ ਜਾਣਕਾਰੀ ਹਾਸਿਲ ਕਰ ਸਕਦੇ ਹਾਂ। ਅਸੀਂ ਆਪਣੀ ਖੋਜ ਨੂੰ ਕਈ ਤਰੀਕਿਆਂ ਨਾਲ ਅੱਗੇ ਵਧਾ ਸਕਦੇ ਹਾਂ:-

- **ਕੁੱਝ ਖਾਸ ਕੀਵਰਡਜ਼ ਦੀ ਵਰਤੋਂ ਕਰਕੇ:** ਕੀਵਰਡ ਉਹ ਸ਼ਬਦ ਹਨ ਜੋ ਅਸੀ ਇੰਟਰਨੈੱਟ ਤੇ ਸਮੱਗਰੀ ਲੱਭਣ ਲਈ ਵਰਤਦੇ ਹਾਂ। ਕੀਵਰਡਸ ਨੂੰ ਜਿੰਨ੍ਹਾਂ ਸੰਭਵ ਹੋ ਸਕੇ ਖਾਸ (specific) ਰੱਖੋ।ਇਹ ਸਰਚ ਇੰਜਨ ਨੂੰ ਸਾਡੀ ਲੋੜੀਂਦੀ ਜਾਣਕਾਰੀ ਨੂੰ ਟਰੈਕ ਕਰਨ ਵਿੱਚ ਸਹਾਇਤਾ ਕਰੇਗਾ।
- **ਸਰਚ ਟਰਮਸ ਨੂੰ ਸੌਖਾ ਕਰਕੇ:** ਸਰਚ ਇੰਜਣਾਂ ਵਿੱਚ ਖੋਜ਼ ਕਰਨ ਲਈ ਕੀਵਰਡਜ਼ ਦੇ ਸਰਲ ਸਰੂਪ ਦੀ ਵਰਤੋਂ ਕਰੋ ਜਿਸ ਦੀ ਅਸੀਂ ਭਾਲ ਕਰ ਰਹੇ ਹਾਂ, ਬਹੁਵਚਨ ਅਤੇ ਕ੍ਰਿਆ ਦੇ ਰਪੂਾਂ ਵਿਜੇਂ ing ਜਾਂ ed ਦੇ ਲਫਜਾਂ ਤੋਂ ਪਰਹੇਜ਼ ਕਰੋ। ਉਦਾਹਰਣ ਦੇ ਲਈ ਅਸੀਂ services ਦੀ ਥਾਂ ਤੇ service ਦੀ ਖੋਜ ਕਰਾਂਗੇ ਜਾਂ financed ਜਾਂ financing ਦੀ ਥਾਂ finance ਦੀ ਖੋਜ਼ ਕਰਕੇ ਆਪਣੇ ਖੋਜ਼ ਨਤੀਜਿਆਂ ਦੀ ਗੁਣਵੱਤਾ ਵਿੱਚ ਸੁਧਾਰ ਕਰ ਸਕਦੇ ਹਾਂ।
- **ਕੋਟੇਸ਼ਨ ਮਾਰਕਸ ਦੀ ਵਰਤੋਂ ਕਰਕੇ:** ਕੋਟੇਸ਼ਨ ਮਾਰਕਸ ਵਰਤੋਂ ਕਰਨ ਨਾਲ ਜਿਸ ਸ਼ਬਦ ਦੇ ਨਾਲ ਕੋਟੇਸ਼ਨ ਲਗਾਈ ਹੈ ਉਸ ਸ਼ਬਦ ਤੋਂ ਸਰਚ ਹੋਣ ਵਾਲੀਆਂ ਦੀਆਂ ਭਾਂਤ-ਭਾਂਤ ਦੀਆਂ ਕਿਸਮਾਂ ਨੂੰ ਕੱਟ ਦਿੱਤਾ ਜਾਂਦਾ ਹੈ।ਉਦਾਹਰਣ ਵਜੋਂ ਤੁਸੀ ਸ਼ਬਦ director ਦੀ ਖੋਜ਼ ਕਰਦੇ ਹੋ, ਤਾਂ ਤੁਹਾਨੂੰ ਸਿੱਧੇ direct,direction ਅਤੇ ਇਸਦੇ ਬਹੁਤ ਸਾਰੇ ਨਤੀਜੇ ਪ੍ਰਾਪਤ ਹੋਣਗੇ ਪਰ ਜੇਕਰ ਤੁਸੀ ਇਸ ਸ਼ਬਦ ਨੂੰ " " ("director") ਦੇ ਅੰਦਰ ਲਿਖਕੇ ਸਰਚ ਕਰਦੇ ਹੋਂ ਤਾਂ ਇਹ ਸੁਨਿਸ਼ਚਿਤ ਕਰੇਗਾ ਕਿ ਤੁਸੀ ਸਿਰਫ਼ ਉਸ ਖਾਸ ਸ਼ਬਦ director ਦੇ ਨਤੀਜੇ ਪ੍ਰਾਪਤ ਕਰੋਗੇ।
- **Combination (ਸ਼ਬਦਾਂ ਦਾ ਸੁਮੇਲ):** OR ਆਪਰੇਟਰ ਸਾਨੂੰ ਦੋ ਜਾਂ ਵੱਧ ਸ਼ਬਦਾਂ ਦੀ ਇਕੋਂ ਸਮੇਂ ਖੋਜ ਕਰਨ ਦੇ ਯੋਗ ਬਣਾਉਂਦਾ ਹੈ ਅਤੇ ਇਹ ਉਦੋਂ ਉਪਯੋਗੀ ਹੁੰਦਾ ਹੈ ਜਦੋਂ ਇਹ ਸ਼ਬਦ ਬਹੁਤ ਮਿਲਦੇ ਜੁਲਦੇ ਹੋਣ। ਉਦਾਹਰਣ ਦੇ ਤੌਰ ਤੇ selling or retailing ਟਾਈਪ ਕਰਕੇ ਉਹ ਪੰਨੇ ਪ੍ਰਾਪਤ ਹੋਣਗੇ ਜਿੱਥੇ ਦੋਵਾਂ ਸ਼ਬਦਾਂ ਵਿੱਚੋਂ ਇੱਕ ਸ਼ਬਦ ਮੌਜੂਦ ਹੋ ਸਕਦਾ ਹੈ, ਜ਼ਰੂਰੀ ਨਹੀਂ ਦੋਵੇ ਹੀ ਸ਼ਬਦ ਮੌਜੂਦ ਹੋਣ।ਇਸੇ ਤਰਾਂ AND ਆਪਰੇਟਰ ਦੀ ਵਰਤੋਂ ਕਰਦੇ ਹੋਏ ਉਹ ਖੋਜ ਨਤੀਜੇ ਪ੍ਰਾਪਤ ਕਰਦੇ ਹਾਂ ਜਿੱਥੇ ਦੋ ਜਾਂ ਵਧੇਜੇ ਸ਼ਰਤਾ ਸ਼ਾਮਲ ਹੋਣ। ਜਿਵੇਂ ambuja and ambanis ਸਿਰਫ ਉਹ ਖੋਜ ਨਤੀਜੇ ਮਿਲਣਗੇ ਜਿਸ ਵਿੱਚ ਦੋਵਾਂ ਕੰਪਨੀਆਂ ਦੇ ਨਾਮ ਸ਼ਾਮਲ ਹੋਣ ਨਾ ਕਿ ਇੱਕ।
- **ਇੱਕ ਖਾਸ ਸਾਈਟ ਦੀ ਸਰਚ:** ਕਿਸੇ ਵੈਬਸਾਈਟ ਦੇ URL ਜਿਸ ਵਿੱਚ ਅਸੀਂ ਖੋਜ਼ ਕਰਨਾ ਚਾਹੁੰਦੇ ਹਾਂ ਅਤੇ ਇੱਕ ਖੋਜ਼ ਸ਼ਬਦ ਰਾਹੀਂ ਖੋਜ਼ ਨੂੰ ਇੱਕੋ ਵੈਬਸਾਈਟ ਤੱਕ ਸੀਮਤ ਕਰਦੇ ਹਾਂ। ਜਿਵੇਂ ਕਿ site: www.pseb.ac.in/result (ਇੱਕ ਖੋਜ਼ ਸ਼ਬਦ ਰਿਜ਼ਲਟ ਹੈ) ਸਾਨੂੰ www.pseb.ac.in ਤੋਂ ਉਹ ਸਾਰੇ ਪੰਨੇ ਦਿਖਾਏਗਾ ਜਿਸ ਵਿੱਚ ਸ਼ਬਦ "result" ਲਿਖਿਆ ਹੋਵੇਗਾ।




### ਪ੍ਰ2: ਆਨਲਾਈਨ ਸ਼ਾਪਿੰਗ ਦੇ ਫਾਇਦੇ ਅਤੇ ਨੁਕਸਾਨ ਕੀ ਹਨ?

**ਉ:** ਬਹੁਤ ਸਾਰੇ ਫਾਇਦੇ ਅਤੇ ਲਾਭਾਂ ਕਰਕੇ ਅੱਜ ਕੱਲ ਜਿਆਦਾ ਤੋਂ ਜਿਆਦਾ ਲੋਕ ਸਟੋਰਾਂ ਵਿੱਚ ਜਾਣ ਦੇ ਰਵਾਇਤੀ ਢੰਗ ਦੀ ਬਜਾਏ ਆਨਲਾਈਨ ਖਰੀਦਦਾਰੀ ਨੂੰ ਤਰਜੀਹ ਦਿੰਦੇ ਹਨ, ਪਰ ਇਸ ਦੇ ਕੁੱਝ ਨੁਕਸਾਨ ਵੀ ਹਨ।

| ਆਨਲਾਈਨ ਖਰੀਦਦਾਰੀ ਦੇ ਫਾਇਦੇ | ਆਨਲਾਈਨ ਖਰੀਦਦਾਰੀ ਦੇ ਨੁਕਸਾਨ |
|---|---|
| ਸਹੂਲਤ | ਪੈਕੇਜਿੰਗ ਦਾ ਨੈਗੇਟਿਵ ਵਾਤਾਵਰਣ ਪ੍ਰਭਾਵ |
| ਬਿਹਤਰ ਕੀਮਤਾਂ | ਸ਼ਿਪਿੰਗ ਵਿੱਚ ਮੁਸ਼ਕਲਾਂ ਅਤੇ ਦੇਰੀ |
| ਜ਼ਿਆਦਾ ਵੈਰਾਇਟੀ | ਧੋਖਾਧੜੀ ਦਾ ਜੋਖਮ |
| ਤੋਹਫੇ ਭੇਜਣ ਲਈ ਆਸਾਨੀ | ਸਾਡੇ ਭਾਈਚਾਰੇ ਨਾਲ ਸੰਪਰਕ ਦੀ ਘਾਟ |
| ਵਧੇਰੇ ਨਿਯੰਤਰਣ | ਬਹੁਤ ਜ਼ਿਆਦਾ ਸਮਾਂ ਆਨਲਾਈਨ ਬਿਤਾਉਣਾ |
| ਕੀਮਤਾਂ ਦੀ ਤੁਲਨਾ ਆਸਾਨ | ਸਮਾਨ ਦੀ ਵਾਪਸੀ (ਰਿਟਰਨ) ਗੁੰਝਲਦਾਰ ਹੋ ਸਕਦੀ ਹੈ। |
| ਕੋਈ ਭੀੜ ਨਹੀਂ | ਅਸੀਂ ਬਿਲਕੁਲ ਨਹੀਂ ਜਾਣਦੇ ਕਿ ਅਸੀਂ ਕੀ ਪ੍ਰਾਪਤ ਕਰ ਰਹੇ ਹਾਂ |

**ਪ੍ਰ3: ਸੋਸ਼ਲ ਨੈਟਵਰਕਿੰਗ ਕੀ ਹੈ? ਕੋਈ ਦੋ ਸੋਸ਼ਲ ਨੈਟਵਰਕਿੰਗ ਸਾਈਟ ਬਾਰੇ ਦੱਸੋ।**

**ੳ:** ਸੋਸ਼ਲ ਨੈਟਵਰਕਿੰਗ ਦੋਸਤਾਂ, ਪਰਿਵਾਰਿਕ ਮੈਂਬਰਾਂ, ਸਹਿਯੋਗੀਆਂ ਜਾਂ ਗਾਹਕਾਂ ਨਾਲ ਜੁੜੇ ਰਹਿਣ ਲਈ ਇੰਟਰਨੈਟ ਆਧਾਰਤ ਸੋਸ਼ਲ ਮੀਡੀਆ ਸਾਈਟਾਂ ਦੀ ਵਰਤੋਂ ਹੈ। Facebook, Youtube, Twitter, Linkedin ਅਤੇ Instagram ਵਰਗੀਆਂ ਸਾਈਟਾਂ ਦੁਆਰਾ ਸੋਸ਼ਲ ਨੈੱਟਵਰਕਿੰਗ ਦਾ ਸਮਾਜਕ ਉਦੇਸ਼, ਵਪਾਰਕ ਉਦੇਸ਼ ਜਾਂ ਦੋਵੇਂ ਹੋ ਸਕਦੇ ਹਨ। ਇਹੀ ਕਾਰਨ ਹੈ ਲੋਕ ਆਪਣਾ ਬਹੁਤ ਸਾਰਾ ਸਮਾਂ ਸੋਸ਼ਲ ਸਾਈਟਾਂ ਦੀ ਆਨਲਾਈਨ ਬ੍ਰਾਊਜ਼ਿੰਗ ਤੇ ਬਿਤਾਉਂਦੇ ਹਨ ਅਤੇ ਇਸ ਵਿੱਚ ਵਾਧਾ ਸਮਾਰਟਫੋਨ ਦੀ ਵਰਤੋਂ ਕਰਕੇ ਹੋਇਆ ਹੈ। ਇਹਨਾਂ ਵਿੱਚੋਂ ਦੋ ਸੋਸ਼ਲ ਨੈਟਵਰਕਿੰਗ ਸਾਈਟਾਂ ਇਸ ਪ੍ਰਕਾਰ ਹਨ:


- **Facebook ਫੇਸਬੁੱਕ :** ਅੱਜ ਦੇ ਦੌਰ ਵਿੱਚ ਸਭ ਤੋਂ ਜ਼ਿਆਦਾ ਵਰਤੋਂ ਵਿੱਚ ਆਉਣ ਵਾਲਾ ਸੋਸ਼ਲ ਮੀਡੀਆ ਫੇਸਬੁੱਕ (Facebook) ਹੈ। ਇਸ ਮੀਡੀਆ ਦੀ ਵਰਤੋਂ ਲੋਕ ਸਮਾਜਕ ਉਦੇਸ਼ਾਂ, ਵਪਾਰਕ ਉਦੇਸ਼ਾਂ ਅਤੇ ਆਪਸੀ ਗੱਲ ਬਾਤ ਲਈ ਕਰ ਰਹੇ ਹਨ। ਇਸ ਰਾਹੀਂ ਕਾਰੋਬਾਰੀ ਆਪਣੇ ਇਸ਼ਤਿਹਾਰਾਂ ਨੂੰ ਫੇਸਬੁੱਕ ਤੇ ਅਪਲੋਡ ਕਰਕੇ ਆਪਣੇ ਕਾਰੋਬਾਰ ਸਰਗਰਮੀ ਨਾਲ ਅੱਗੇ ਵਧਾ ਰਹੇ ਹਨ ਅਤੇ ਟੈਕਸਟ, ਵੀਡੀਓ, ਲਾਈਵ ਵੀਡੀਓ ਅਤੇ ਕਹਾਣੀਆਂ ਵੀ ਲੋਕ ਫੇਸਬੁੱਕ ਤੇ ਅਲਪੋਡ ਕਰਦੇ ਹਨ।
- **Youtube ਯੂਟਿਊਬ :** ਯੂਟਿਊਬ ਇੱਕ ਵੀਡੀਓ ਸਾਂਝਾ ਕਰਨ ਵਾਲਾ ਪਲੇਟਫਾਰਮ ਹੈ। ਅਸੀ ਆਪਣੇ ਬ੍ਰਾਂਡ (ਪ੍ਰੋਡਕਟ) ਲਈ ਆਪਣਾ ਯੂ-ਟਿਊਬ ਚੈਨਲ ਬਣਾ ਸਕਦੇ ਹਾਂ ਜਿੱਥੇ ਆਪਣੇ ਗਾਹਕਾਂ ਨੂੰ ਵੇਖਣ, ਪਸੰਦ ਕਰਨ, ਟਿੱਪਣੀ ਕਰਨ ਅਤੇ ਸਾਂਧਾ ਕਰਨ ਲਈ ਵੀਡਿਓ ਅਪਲੋਡ ਕਰ ਸਕਦੇ ਹਾਂ।

YouTube

**ਪ੍ਰ4: ਅਸੀਂ ਸੁਰੱਖਿਅਤ ਵੈੱਬਸਾਇਟਾਂ ਦੀ ਪਹਿਚਾਣ ਕਿਵੇਂ ਕਰ ਸਕਦੇ ਹਾਂ? ਪੈਡਲੱਕ ਚਿੰਨ੍ਹ (Padlock Symbol) ਦੀ ਵੀ ਵਿਆਖਿਆ ਕਰੋ।**

**ੳ:** ਇਹ ਮੰਦਭਾਗਾ ਹੈ ਕਿ ਹਰ ਵੈੱਬ ਸਾਈਟ ਭਰੋਸੇਯੋਗ ਅਤੇ ਸੁਰੱਖਿਅਤ ਨਹੀਂ ਹੁੰਦੀ। ਇੱਕ ਅਸੁਰੱਖਿਅਤ ਵੈੱਬਸਾਈਟ ਮਾੱਲਵੇਅਰ (Malware) ਫੈਲਾ ਸਕਦੀ ਹੈ, ਜਾਣਕਾਰੀ ਚੋਰੀ ਕਰ ਸਕਦੀ ਹੈ। ਅਸੀਂ ਇੱਕ ਸੁਰੱਖਿਅਤ ਵੈੱਬਸਾਈਟ ਤੇ ਹਾਂ ਜਾ ਨਹੀਂ ਸੁਨਿਸ਼ਚਿਤ ਕਰਨ ਲਈ ਸਾਧਾਰਨ ਤੌਰ ਤੇ ਦੋ ਤਰੀਕੇ ਹਨ:-

**1. ਵੈਬ ਬ੍ਰਾਉਜਰ ਵਿਚਲੇ ਵੈੱਬ ਐਡਰੈੱਸ ਨੂੰ ਦੇਖੋ:** ਇਹ ਸੁਨਿਸ਼ਚਿਤ ਕਰੋ ਕਿ ਵੈੱਬ ਐਡਰੈੱਸ https:// ਨਾਲ ਸ਼ੁਰੂ ਹੁੰਦਾ ਹੈ। HTTP ਦਾ ਮਤਲਬ ਹੈ Hyper Text Transfer Protocol Over Secure Socket Layer (SSL). ਇਹ HTTP ਦੀ ਸੋਧ ਹੈ ਜੋ ਬ੍ਰਾਊਜ਼ਰ ਅਤੇ ਸਰਵਰ ਦੇ ਵਿਚਕਾਰ ਜਾਣਕਾਰੀ ਨੂੰ ਸੁਰੱਖਿਅਤ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਹ ਵੈੱਬਸਾਈਟ ਦੀ ਜਾਣਕਾਰੀ ਲਈ ਪ੍ਰਮਾਣਿਕਤਾ (authentication) ਅਤੇ ਸੁਰੱਖਿਆ ਪ੍ਰਦਾਨ ਕਰਦਾ ਹੈ।




**2. ਵੈੱਬ ਬ੍ਰਾਊਜ਼ਰ ਵਿੱਚ ਇੱਕ ਬੰਦ ਪੈਡਲਾਕ (Closed padlock) ਦੀ ਭਾਲ ਕਰੋ।**

ਇੰਟਰਨੈੱਟ ਡਾਟਾ ਸ਼ੁਰਆਤੀ ਬਿੰਦੂ ਤੋਂ ਆਪਣੀ ਮੰਜ਼ਿਲ ਤੱਕ ਕਈ ਰੂਟਾਂ ਅਤੇ ਰੀਲੇਅ ਪੁਆਇੰਟਾਂ ਰਾਹੀਂ ਯਾਤਰਾ ਕਰਦਾ ਹੈ। ਯਾਤਰਾ ਦੇ ਹਰ ਪੁਆਇੰਟ ਤੇ ਇਹ ਸੰਭਵ ਹੈ ਕਿ ਕੋਈ ਡਾਟਾ ਨੂੰ ਚੋਰੀ ਕਰਕੇ ਪੜ੍ਹ ਸਕਦਾ ਹੈ। ਇੱਕ ਹਰਾ ਪੈਡਲਾਕ (green padlock) ਦਰਸਾਉਂਦਾ ਹੈ ਅਸੀਂ ਨਿਸ਼ਚਿਤ ਤੌਰ ਤੇ ਉਸ ਵੈੱਬਸਾਈਟ ਨਾਲ ਜੁੜੇ ਹਾਂ ਜਿਸਦਾ ਪਤਾ ਐਡਰੈਸ ਬਾਰ ਵਿੱਚ ਦਿਖਾਇਆ ਗਿਆ ਹੈ, ਕੁਨੈਕਸ਼ਨ ਰੋਕਿਆ ਨਹੀਂ ਗਿਆ ਹੈ। ਜਦੋਂ ਪੈਡਲਾਕ ਤੇ ਕਲਿੱਕ ਕਰਦੇ ਹਾਂ ਤਾਂ ਸਾਨੂੰ ਇੱਕ ਸੁਨੇਹਾ ਦਿਸਦਾ ਹੈ ਜਿਸ ਵਿੱਚ ਕੰਪਨੀ ਦਾ ਨਾਮ ਲਿਖਿਆ ਹੁੰਦਾ ਹੈ "The connection to the server is encrypted."




**ਪ੍ਰ5: ਯਾਤਰਾ ਵਿੱਚ ਫਾਸਟੈਗ ਸੁਵਿਧਾ ਕੀ ਹੈ? ਇਸਦੇ ਕੀ ਲਾਭ ਹਨ?**

**ੳ: FASTag (ਫਾਸਟੈਗ)** ਇੱਕ ਟੈਗ ਹੈ ਜੋ ਟੋਲ ਚਾਰਜਜ ਦੀ ਸਵੈਚਲਿਤ ਕਟੌਤੀ (automatic deduction) ਨੂੰ ਸਮੱਰਥ ਬਣਾਉਂਦਾ ਹੈ ਅਤੇ ਸਾਨੂੰ ਨਕਦ ਲੈਣ-ਦੇਣ ਲਈ ਬਿਨਾਂ ਰੁਕੇ ਟੋਲ ਪਲਾਜ਼ਾ ਵਿੱਚੋਂ ਲੰਘਣ ਦਿੰਦਾ ਹੈ। ਇਹ **FASTag (ਫਾਸਟੈਗ)** ਪ੍ਰੀਪੇਡ ਖਾਤੇ ਨਾਲ ਜੁੜਿਆ ਹੁੰਦਾ ਹੈ ਜਿਸ ਤੋਂ ਟੋਲ ਦੀ ਰਕਮ ਕਟੌਤੀ ਕੀਤੀ ਜਾਂਦੀ ਹੈ। ਫਾਸਟੈਗ ਵਿੱਚ RFID (Radio Frequency Identification) ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ। ਫਾਸਟੈਗ ਕਿਰਿਆਸ਼ੀਲ (active) ਹੋਣ ਤੋਂ ਬਾਅਦ ਵਾਹਨ ਦੀ ਵਿੰਡਸਕੀਨ (Wind Screen) ਤੇ ਚਿਪਕਾ ਦਿੱਤਾ ਜਾਂਦਾ ਹੈ। ਇਹ ਰਾਸ਼ਟਰੀ ਰਾਜਮਾਰਗਾਂ ਤੇ ਆਸਾਨ ਯਾਤਰਾ ਲਈ ਇੱਕ ਸਹੀ ਹੱਲ ਹੈ।

**FASTag ਦੀ ਵਰਤੋਂ ਕਰਨ ਦੇ ਫਾਇਦੇ:**

- **ਭੁਗਤਾਨ ਦੀ ਸੌਖ:** ਟੋਲ ਦੀ ਰਕਮ ਦੀ ਕਟੌਤੀ ਬਿਨ੍ਹਾ ਰੁਕੇ FASTag ਦੇ ਪ੍ਰੀਪੇਡ ਖਾਤੇ ਵਿੱਚੋਂ ਆਟੋਮੈਟਿਕ ਹੋ ਜਾਂਦੀ ਹੈ। ਇਸ ਲਈ ਯਾਤਰਾ ਦੌਰਾਨ ਟੋਲ ਖਰਚਿਆਂ ਲਈ ਨਕਦ ਲੈ ਕੇ ਜਾਣ ਦੀ ਜ਼ਰੂਰਤ ਨਹੀਂ ਪੈਂਦੀ ਅਤੇ ਇਸ ਨਾਲ ਸਮਾਂ ਬਚਦਾ ਹੈ।

- **ਆਨਲਾਈਨ ਰੀਚਾਰਜ:** ਕ੍ਰੈਡਿਟ ਕਾਰਡ/ਡੈਬਿਟ ਕਾਰਡ/NEFT/RTGS ਜਾਂ ਨੈਟ ਬੈਕਿੰਗ ਦੁਆਰਾ FASTag ਆਨਲਾਈਨ ਰਿਚਾਰਜ ਕੀਤਾ ਜਾ ਸਕਦਾ ਹੈ।
- **ਐਸ.ਐਮ.ਐਸ ਅਲਰਟ (SMS Alert):** ਟੋਲ ਪਲਾਜੇ ਉੱਪਰ ਲੈਣ-ਦੇਣ ਨਾਲ ਸੰਬੰਧਤ ਤੁਹਾਡੇ ਮੋਬਾਇਲ ਤੇ ਐਸ.ਐਮ.ਐਸ ਅਲਰਟ ਮਿਲਦੇ ਰਹਿੰਦੇ ਹਨ।
- **ਫਾਸਟੈਗ ਦੀ ਵੈਧਤਾ:** ਫਾਸਟੈਗ ਦੀ ਵੈਧਤਾ (Validity) ਪੰਜ ਸਾਲਾਂ ਦੀ ਹੁੰਦੀ ਹੈ।

